# **ਆਕਾਸ਼ਵਾਣੀ ਜਲੰਧਰ**

## **ਪ੍ਰਦੇਸ਼ਿਕ ਖਬਰਾਂ ਪੰਜਾਬੀ**

**13:10 Pm**

**ਮਿਤੀ: 18-03-2025**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਉਨ੍ਹਾਂ ਦੇ ਨਿਊਜ਼ੀਲੈਂਡ ਦੇ ਹਮਰੁਤਬਾ ਕ੍ਰਿਸਟੋਫਰ ਲਕਸਨ ਨੇ ਕਲ੍ਹ ਸ਼ਾਮ ਨਵੀਂ ਦਿੱਲੀ ਵਿਚ **ਰਾਇਸੀਨਾ ਸੰਵਾਦ 2025** ਦਾ ਸਾਂਝੇ ਤੌਰ 'ਤੇ ਉਦਘਾਟਨ ਕੀਤਾ। ਆਪਣੇ ਮੁੱਖ ਭਾਸ਼ਣ ਵਿਚ ਸ਼੍ਰੀ ਲਕਸਨ ਨੇ ਕਿਹਾ ਕਿ ਆਉਣ ਵਾਲੇ ਸਾਲਾਂ ਵਿਚ, **ਭਾਰਤ – ਪ੍ਰਸ਼ਾਂਤ**, ਸੰਸਾਰ ਦੇ ਆਰਥਿਕ ਵਿਕਾਸ ਦਾ ਦੋ-ਤਿਹਾਈ ਹਿੱਸਾ ਹੋਵੇਗਾ ਅਤੇ 2030 ਤੱਕ, ਇਹ ਦੁਨੀਆ ਦੇ ਦੋ-ਤਿਹਾਈ ਮੱਧ-ਵਰਗ ਦੇ ਖਪਤਕਾਰਾਂ ਦਾ ਘਰ ਹੋਵੇਗਾ। ਉਨ੍ਹਾਂ ਕਿਹਾ ਕਿ **ਰਾਇਸੀਨਾ ਸੰਵਾਦ** ਇਕ ਅਜਿਹਾ ਮੰਚ ਏ, ਜੋ ਦੁਨੀਆ ਭਰ ਦੇ ਵਿਚਾਰਵਾਨ ਨੇਤਾਵਾਂ ਨੂੰ ਹਿੰਦ ਮਹਾਸਾਗਰ ਵਿਚ ਦਰਪੇਸ਼ ਸਮਕਾਲੀ ਰਣਨੀਤਕ ਚੁਣੌਤੀਆਂ 'ਤੇ ਸਮੂਹਿਕ ਤੌਰ ‘ਤੇ ਧਿਆਨ ਕੇਂਦਰਿਤ ਕਰਨ ਦਾ ਮੌਕਾ ਮੁਹੱਈਆ ਕਰਦਾ ਏ । ਇਸ ਸਾਲ ਦੇ ਰਾਇਸੀਨਾ ਸੰਵਾਦ ਦਾ ਵਿਸ਼ਾ

"**ਕਾਲਚੱਕਰ - ਲੋਕ, ਸ਼ਾਂਤੀ ਅਤੇ ਗ੍ਰਹਿ**" ਰੱਖਿਆ ਗਿਆ ਏ। ਸਮਾਗਮ ਵਿਚ ਲਗਭਗ 125 ਦੇਸ਼ਾਂ ਦੇ ਪ੍ਰਤੀਨਿਧੀ ਹਿੱਸਾ ਲੈ ਰਹੇ ਨੇ। ਇਹ **ਤਿੰਨ ਦਿਨਾਂ ਸਮਾਗਮ** 19 ਮਾਰਚ ਤੱਕ ਜਾਰੀ ਰਹੇਗਾ।

---------------------------------------------------------------

ਕੇਂਦਰ ਸਰਕਾਰ ਪੰਜਾਬ ਦੇ ਕਿਸਾਨਾਂ ਨਾਲ ਉਨ੍ਹਾਂ ਦੀਆਂ ਮੰਗਾਂ ਸਬੰਧੀ ਕੱਲ੍ਹ ਚੰਡੀਗੜ੍ਹ ਵਿਚ ਅਗਲੇ ਦੌਰ ਦੀ ਗੱਲਬਾਤ ਕਰ ਰਹੀ ਏ। ਸੂਤਰਾਂ ਅਨੁਸਾਰ, ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰਾਲੇ ਨੇ **ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ)** ਅਤੇ **ਕਿਸਾਨ ਮਜ਼ਦੂਰ ਮੋਰਚਾ** ਨੂੰ ਭੇਜੇ ਇਕ ਪੱਤਰ ਵਿਚ ਦੋਵਾਂ ਜਥੇਬੰਦੀਆਂ ਦੇ ਆਗੂਆਂ ਨੂੰ ਕੱਲ੍ਹ ਇਕ ਮੀਟਿੰਗ ਲਈ ਸੱਦਾ ਦਿੱਤਾ ਏ। ਇਸ ਤੋਂ ਪਹਿਲਾਂ 22 ਫਰਵਰੀ ਨੂੰ ਆਖਰੀ ਮੀਟਿੰਗ ਹੋਈ ਸੀ। ਕੱਲ ਹੋ ਰਹੀ ਮੀਟਿੰਗ ਵਿਚ ਕੇਂਦਰੀ ਅਤੇ ਰਾਜ ਮੰਤਰੀ ਵੀ ਹਿੱਸਾ ਲੈਣਗੇ।

---------------------------------------------------------------

ਪੰਜਾਬ ਪੁਲਿਸ ਦੇ ਮੁਖੀ ਗੌਰਵ ਯਾਦਵ ਨੇ ਕਿਹਾ ਏ ਕਿ ਪੰਜਾਬ ਵਿਚ ਜਾਰੀ ਨਸ਼ਾ ਵਿਰੋਧੀ ਮੁਹਿੰਮ **'ਯੁੱਧ ਨਸ਼ਿਆਂ ਵਿਰੁੱਧ'** ਨੇ ਪਾਕਿਸਤਾਨ

ਦੀ **ਖੁਫੀਆ ਏਜੰਸੀ ਆਈ.ਐੱਸ.ਆਈ.** ਨੂੰ ਹਿਲਾ ਕੇ ਰੱਖ ਦਿੱਤਾ ਏ, ਜੋ ਹੁਣ ਸਰਹੱਦੀ ਸੂਬੇ ਨੂੰ ਅਸਥਿਰ ਕਰਨ ਲਈ ਹੋਰ ਰਣਨੀਤੀਆਂ ਬਣਾ ਰਹੀ ਏ। ਉਨ੍ਹਾਂ ਖੁਲਾਸਾ ਕੀਤਾ ਕਿ ਇਸ ਫੈਸਲਾਕੁੰਨ ਮੁਹਿੰਮ ਨੇ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਨੂੰ ਪਿੱਛੇ ਹਟਣ ਲਈ ਮਜਬੂਰ ਕਰ ਦਿੱਤਾ ਏ ਅਤੇ ਬਹੁਤ ਸਾਰੇ ਲੋਕਾਂ ਨੇ ਪਾਕਿਸਤਾਨ-ਅਧਾਰਤ ਸੰਚਾਲਕਾਂ ਵੱਲੋਂ ਸੁੱਟੀਆਂ ਗਈਆਂ ਖੇਪਾਂ ਚੁੱਕਣ ਤੋਂ ਨਾਂਹ ਕਰ ਦਿੱਤੀ ਏ, ਜਿਸ ਕਾਰਨ ਸਰਹੱਦ ਪਾਰ ਤੋਂ ਹੈਰੋਇਨ ਦੀ ਸਪਲਾਈ ਵਿਚ ਭਾਰੀ ਗਿਰਾਵਟ ਆਈ ਏ। ਸ੍ਰੀ ਯਾਦਵ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਪਿਛਲੇ 17 ਦਿਨਾਂ ਵਿਚ, ਪੰਜਾਬ ਪੁਲਿਸ ਨੇ **1,651 ਐੱਫਆਈਆਰ** ਦਰਜ ਕਰਨ ਦੇ ਨਾਲ-ਨਾਲ ਨਸ਼ੀਲੇ ਪਦਾਰਥਾਂ ਦੇ **2,575 ਤਸਕਰਾਂ** ਨੂੰ ਗ੍ਰਿਫਤਾਰ ਕੀਤਾ ਏ। ਇਸ ਮੁਹਿੰਮ ਦੌਰਾਨ 95 ਕਿੱਲੋ ਹੈਰੋਇਨ, ਕੋਕੀਨ ਤੇ ਹੋਰ ਨਸ਼ੀਲੇ ਪਦਾਰਥਾਂ ਤੋਂ ਇਲਾਵਾ 7 ਲੱਖ ਤੋਂ ਵੱਧ ਨਸ਼ੀਲੀਆਂ ਗੋਲੀਆਂ/ਟੀਕੇ ਬਰਾਮਦ ਕੀਤੇ ਨੇ ਅਤੇ 64 ਲੱਖ ਰੁਪਏ ਦੀ ਨਗਦੀ ਬਰਾਮਦ ਹੋਈ ਏ।

---------------------------------------------------

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਮ ਆਦਮੀ ਪਾਰਟੀ

ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਨਾਲ ਲੁਧਿਆਣਾ ਵਿਚ '**ਸਰਕਾਰ-ਸਨਅਤਕਾਰ ਮਿਲਣੀ**' ਕੀਤੀ। ਇਸ ਦੌਰਾਨ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਸਿਹਤ, ਸਿੱਖਿਆ ਤੇ ਰੋਜ਼ਗਾਰ ਨਾਲ ਸਬੰਧਤ ਸਮੱਸਿਆਵਾਂ ਨੂੰ ਹੱਲ ਕਰਨ ਲਈ ਯਤਨਸ਼ੀਲ ਏ। ਮੁੱਖ ਮੰਤਰੀ ਨੇ ਕਿਹਾ ਕਿ ਲੁਧਿਆਣਾ, ਪੰਜਾਬ ਦੀ ਆਰਥਿਕ ਰਾਜਧਾਨੀ ਏ ਜੋ ਕਿ ਇੱਥੇ ਕੰਮ ਕਰਨ ਵਾਲੇ ਲੱਖਾਂ ਲੋਕਾਂ ਨੂੰ ਰੁਜ਼ਗਾਰ ਦਿੰਦਾ ਏ। ਉਨ੍ਹਾਂ ਕਿਹਾ ਕਿ ਖੇਤੀਬਾੜੀ ਪੈਦਾਵਾਰਾਂ ਦੀ ਕੀਮਤ ਵਿਚ ਵਾਧਾ ਸਮੇਂ ਦੀ ਲੋੜ ਏ ਅਤੇ ਸੂਬੇ ਦਾ ਭਵਿੱਖ ਇਸ ਉੱਤੇ ਨਿਰਭਰ ਏ। ਮੁੱਖ ਮੰਤਰੀ ਮਾਨ ਨੇ ਸੂਬੇ ਨੂੰ ਵਿਕਾਸ ਦੇ ਰਾਹ 'ਤੇ ਪਾਉਣ ਲਈ ਉਦਯੋਗ ਅਤੇ ਖੇਤੀਬਾੜੀ ਨਾਲ ਗੂੜੇ ਸਬੰਧਾਂ ਦੀ ਵਕਾਲਤ ਕੀਤੀ ਤੇ ਪੰਜਾਬ ਦੀ ਸਨਅਤਾਂ ਨੀਤੀ ਬਾਰੇ ਅਹਿਮ ਜਾਣਕਾਰੀ ਸਾਂਝੀ ਕੀਤੀ।

----------------------------------------------------------------

ਪੰਜਾਬ ਵਿਚ ਚਾਰ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਐੱਸ.ਆਈ.ਟੀ.) ਨੇ ਸਾਬਕਾ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਅਤੇ ਤਿੰਨ ਹੋਰਨਾਂ ਵਿਰੁੱਧ ਦਸੰਬਰ, 2021 ਵਿਚ ਨਾਰਕੋਟਿਕ ਡਰੱਗਜ਼ ਐਂਡ

ਸਾਈਕੋਟ੍ਰੋਪਿਕ ਸਬਸਟੈਂਸ ਐਕਟ (ਐੱਨ.ਡੀ.ਪੀ.ਐੱਸ) ਤਹਿਤ ਦਰਜ ਨਸ਼ਿਆਂ ਨਾਲ ਸਬੰਧਤ ਮਾਮਲੇ ਵਿਚ ਕੱਲ੍ਹ ਪਟਿਆਲਾ ਵਿਚ 8 ਘੰਟੇ ਪੁੱਛ-ਪੜਤਾਲ ਕੀਤੀ। ਐੱਸ.ਆਈ.ਟੀ. ਦੇ ਸੀਨੀਅਰ ਪੁਲਿਸ ਅਧਿਕਾਰੀ ਵਰੁਣ ਸ਼ਰਮਾ ਨੇ ਬੀਤੀ ਦੇਰ ਰਾਤ ਦੱਸਿਆ ਕਿ ਐੱਸ.ਆਈ.ਟੀ. ਨੇ ਆਪਣੀ ਜਾਂਚ ਦਾ ਖੇਤਰ ਵਧਾ ਦਿੱਤਾ ਏ ਅਤੇ ਇਸ ਦੌਰਾਨ ਪਾਇਆ ਗਿਆ ਏ ਕਿ ਮਜੀਠੀਆ ਦੀ ਜਾਇਦਾਦ ਵਿਚ ਗੈਰ-ਸਧਾਰਨ ਵਾਧਾ ਹੋਇਆ ਏ। ਉਨ੍ਹਾਂ ਕਿਹਾ ਕਿ ਭਾਰਤ ਅਤੇ ਵਿਦੇਸ਼ਾਂ ਵਿਚ ਮਜੀਠੀਆ ਦੇ ਕੁਝ ਪਰਿਵਾਰਕ ਕਾਰੋਬਾਰਾਂ ਵਿਚ ਸ਼ੱਕੀ ਮਾਲੀ ਲੈਣ-ਦੇਣ ਦੀ ਜਾਂਚ ਜਾਰੀ ਏ। ਵਰੁਣ ਸ਼ਰਮਾ ਨੇ ਦੱਸਿਆ ਕਿ ਇਸ ਮਾਮਲੇ ਵਿਚ 4 ਮੁਲਜ਼ਮ ਨੇ, ਜਿਨ੍ਹਾਂ ਵਿੱਚੋਂ 3 ਵਿਦੇਸ਼ ਵਿਚ ਨੇ, ਜਿਨ੍ਹਾਂ ਨੂੰ ਜਾਂਚ ਵਿਚ ਸ਼ਾਮਲ ਕਰਨ ਲਈ ਪੁਲਿਸ ਨੇ ਹਵਾਲਗੀ ਪ੍ਰਕਿਰਿਆ ਸ਼ੁਰੂ ਕੀਤੀ ਹੋਈ ਏ। ਓਧਰ, ਸਾਡੇ ਜਲੰਧਰ ਵਾਲੇ ਪੱਤਰਕਾਰ ਨੇ ਦੱਸਿਆ ਏ ਕਿ ਐੱਸ.ਆਈ.ਟੀ. ਸ੍ਰੀ ਮਜੀਠੀਆ ਤੋਂ ਪੁੱਛਗਿੱਛ ਕਰ ਰਹੀ ਏ।

-----------------------------------------------------

ਪੰਜਾਬ ਦੇ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ.

ਬਲਜੀਤ ਕੌਰ ਨੇ ਕਿਹਾ ਏ ਕਿ **ਸੂਬੇ ਦੇ ਨਿੱਜੀ ਪਲੇਅ-ਵੇਅ ਸਕੂਲਾਂ** ਦੀ ਰਜਿਸਟ੍ਰੇਸ਼ਨ ਪ੍ਰਕਿਰਿਆ ਪਾਰਦਰਸ਼ੀ ਬਣਾਉਣ ਲਈ ਛੇਤੀ ਹੀ ਆਨਲਾਈਨ ਰਜਿਸਟ੍ਰੇਸ਼ਨ ਪੋਰਟਲ ਲਾਂਚ ਕੀਤਾ ਜਾ ਰਿਹਾ ਏ। ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬੇ ਦੇ ਸਾਰੇ ਨਿੱਜੀ ਪਲੇਅ-ਵੇਅ ਸਕੂਲਾਂ ਅਤੇ **ਅਰਲੀ ਚਾਈਲਡਹੁੱਡ ਕੇਅਰ ਐਂਡ ਐਜੂਕੇਸ਼ਨ (ਈ.ਸੀ.ਸੀ.ਈ)** ਸੰਸਥਾਵਾਂ ਲਈ 6 ਮਹੀਨਿਆਂ ਦੇ ਅੰਦਰ-ਅੰਦਰ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਕੋਲ ਰਜਿਸਟ੍ਰੇਸ਼ਨ ਕਰਵਾਉਣਾ ਲਾਜ਼ਮੀ ਹੋਵੇਗਾ।